B.C.M.SCHOOL,BASANT AVENUE,DUGRI, LUDHIANA

ਜਮਾਤ ਛੇਵੀਂ ਵਿਸ਼ਾ ਪੰਜਾਬੀ

## ASSIGNMENT

ਹੇਠ ਦਿੱਤੇ ਪੈਰੇ ਨੂੰ ਪੜ੍ਹੋ ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ

ਅਣਡਿੱਠਾ ਪੈਰ੍ਹਾ

ਟੈਲੀਵਿਜ਼ਨ ਵਿਗਿਆਨ ਦੀ ਇਕ ਅਨੋਖੀ ਕਾਢ ਹੈ। ਇਹ ਆਮ ਜਾਣਕਾਰੀ ਅਤੇ ਮਨੋਰੰਜਨ ਦਾ ਵਧੀਆ ਸਾਧਨ ਹੈ । ਇਸ ਉਪਰ ਚੱਲ ਰਹੇ ਪ੍ਰੋਗਰਾਮ ਅਤੇ ਫਿਲਮਾਂ ਸਾਡਾ ਖ਼ੂਬ ਮੋਰੰਜਨ ਕਰਦੇ ਹਨ। ਟੈਲੀਵਿਜ਼ਨ ਤੇ ਆਉਣ ਵਾਲੀਆਂ ਖਬਰਾਂ ਦਾ ਸਿੱਧਾ ਪ੍ਰਸਾਰਨ ਵੀ ਚਲਦਾ ਹੈ। ਵਪਾਰੀ ਲੋਕ ਆਪਣੇ ਮਾਲ ਦੀ ਮਸ਼ਹੂਰੀ ਵਿਗਿਆਪਨ ਦੇ ਰੂਪ ਵਿਚ ਟੈਲੀਵਿਜ਼ਨ ਰਾਹੀਂ ਕਰਦੇ ਹਨ । ਟੈਲੀਵਿਜ਼ਨ ਨੂੰ ਜ਼ਰੂਰਤ ਤੋਂ ਵੱਧ ਦੇਖਣ ਨਾਲ ਸਮੇਂ ਅਤੇ ਸਿਹਤ ਦੋਵੇਂ ਖਰਾਬ ਹੁੰਦੇ ਹਨ। ਵਿਦਿਆਰਥੀ ਜੀਵਨ ਵਿਚ ਇਸ ਦਾ ਮਾੜਾ ਅਸਰ ਦੇਖਣ ਨੂੰ ਮਿਲਦਾ ਹੈ ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :-

ਪ੍ਰਸ਼ਨ 1- ਟੈਲੀਵਿਜ਼ਨ ਕਿਸ ਦੀ ਕਾਢ ਹੈ ?

ਪ੍ਰਸ਼ਨ 2- ਟੈਲੀਵਿਜ਼ਨ ਤੋਂ ਸਾਡਾ ਮਨੋਰੰਜਨ ਕਿੰਵੇ ਹੁੰਦਾ ਹੈ ?

ਪ੍ਰਸ਼ਨ 3- ਵਪਾਰੀ ਲੋਕ ਆਪਣੇ ਮਾਲ ਦੀ ਮਸ਼ਹੂਰੀ ਟੀ.ਵੀ ਰਾਹੀਂ ਕਿੰਵੇ ਕਰਦੇ ਹਨ ?

ਪ੍ਰਸ਼ਨ 4- ਟੈਲੀਵਿਜ਼ਨ ਜ਼ਰੂਰਤ ਤੋਂ ਵੱਧ ਵੇਖਣ ਨਾਲ ਸਾਡਾ ਕੀ-ਕੀ ਖਰਾਬ ਹੁੰਦਾ ਹੈ ?

ਪ੍ਰਸ਼ਨ 5- ਵਿਦਿਆਰਥੀ ਜੀਵਨ ਵਿਚ ਟੀ.ਵੀ ਦਾ ਕਿਹੋ ਜਿਹਾ ਅਸਰ ਹੁੰਦਾ ਹੈ ?

ਪ੍ਰ:-ਤੂੰ ਬਲੂਰ ਜਿਹੇ ਮੁੰਡੇ ਨੂੰ ਤੁਰਨ ਲਾਇਆ ਹੈ।

ਉਪਰੋਕਤ ਵਾਕ ਵਿੱਚ ਆਏ ਸ਼ਬਦ 'ਬਲੂਰ' ਤਾ ਕੀ ਅਰਥ ਹੈ?

ਪ੍ਰ:- ਬੁੱਧੂ ਨੇ ਲੋਕਾਂ ਦੀਆਂ ਗੱਲਾਂ ਦੇ ਮਗਰ ਲੱਗ ਕੇ ਕੀ ਗੁਆ ਲਿਆ?

ਘੋੜਾ ਗਧਾ ਖੋਤਾ

ਪ੍ਰ:-ਕਬੀਰ ਜੀ ਅੰਦਰ ਕੀ ਹਾਸਲ ਕਰਨ ਦੀ ਪ੍ਰਬਲ ਇੱਛਾ ਸੀ?

ਪੜ੍ਹਾਈ ਲਿਖਾਈ ਗਿਆਨ ਅਗਿਆਨਤਾ

ਪ੍ਰ:- ਕਬੀਰ ਜੀ ਕਿਸ ਨੂੰ ਗੁਰੂ ਧਾਰਨ ਕਰਨਾ ਚਾਹੁੰਦੇ ਸਨ?

ਪੰਡਿਤ ਨੂੰ ਸੰਤ ਨੂੰ ਭਗਤ ਨੂੰ

ਪ੍ਰ:-ਸ਼ੁੱਧ ਸ਼ਬਦ ਜੋੜ ਚੁਣੋ

ਤਿਉਹਾਰ ਤਿਓਹਾਰ ਤਿਊਹਾਰ

ਪ੍ਰ:-ਕਬੀਰ ਜੀ ਨੇ ਕੀ ਠਾਣ ਲਿਆ ਸੀ?

ਪ੍ਰ:-ਜਾਤ ਪਾਤ ਨੂੰ ਖਤਮ ਕਰਨ ਦਾ ਪ੍ਰਚਾਰ ਕੌਣ ਕਰਦੇ ਸਨ ਪਰ ਖੁਦ ਜਾਤ ਪਾਤ ਦੇ ਬੰਧਨਾਂ ਵਿੱਚੋਂ ਨਹੀਂ ਨਿਕਲੇ ਸਕੇ?

ਪ੍ਰ:- ਮੁੰਡਾ ਦੜੰਗੇ ਮਾਰਦਾ ਹੋਇਆ ਨਾਲ ਨਾਲ ਚੱਲ ਰਿਹਾ ਸੀ?ਉਪਰੋਕਤ ਵਾਕ ਵਿੱਚ 'ਦੜੰਗੇ ਮਾਰਨ' ਦਾ ਕੀ ਅਰਥ ਹੈ?